## ਦਫਤਰ ਨਗਰ ਨਿਗਮ ਸਾਹਿਬਜਾਦਾ ਅਜੀਤ ਸਿੰਘ ਨਗਰ

ਮਿਉਂਸਪਲ ਕਾਰਪੋਰੇਸ਼ਨ, ਐਸ.ਏ.ਐਸ ਨਗਰ ਦੀ ਸਧਾਰਨ ਮੀਟਿੰਗ ਮਿਤੀ 27.04.2021 ਨੂੰ ਸਮਾਂ ਦੁਪਹਿਰ 12.00 ਵਜੇ ਸ਼੍ਰੀ ਅਮਰਜੀਤ ਸਿੰਘ ਜੀਤੀ ਸਿੱਧੂ, ਮੇਅਰ, ਨਗਰ ਨਿਗਮ, ਐਸ.ਏ.ਐਸ ਨਗਰ ਦੀ ਪ੍ਰਧਾਨਗੀ ਹੇਠ ਮਿਉਂਸਪਲ ਭਵਨ, ਸੈਕਟਰ-68 ਵਿਖੇ ਹੋਈ। ਜਿਸ ਵਿੱਚ ਹੇਠ ਲਿਖੇ ਮੈਂਬਰ ਸਾਹਿਬਾਨ ਹਾਜਰ ਆਏ :-

| ਲੜੀ ਨੰ. | ਕੌਂਸਲਰ ਦਾ ਨਾਮ | ਲੜੀ ਨੰ. | ਕੌਂਸਲਰ ਦਾ ਨਾਮ | ਲੜੀ ਨੰ. | ਕੌਂਸਲਰ ਦਾ ਨਾਮ |
|---|---|---|---|---|---|
| 1 | ਸ਼੍ਰੀ ਅਮਰੀਕ ਸਿੰਘ ਸੋਮਲ, ਸੀਨੀਅਰ ਡਿਪਟੀ ਮੇਅਰ | 18 | ਸ਼੍ਰੀ ਰਿਸ਼ਵ ਜੈਨ | 35 | ਸ਼੍ਰੀ ਸੁੱਚਾ ਸਿੰਘ ਕਲੋੜ |
| 2 | ਸ਼੍ਰੀ ਕੁਲਜੀਤ ਸਿੰਘ ਬੇਦੀ, ਡਿਪਟੀ ਮੇਅਰ | 19 | ਸ਼੍ਰੀਮਤੀ ਹਰਸ਼ਪ੍ਰੀਤ ਕੌਰ ਭੰਮਰਾ | 36 | ਸ਼੍ਰੀਮਤੀ ਕੁਲਵੰਤ ਕੌਰ |
| 3 | ਸ਼੍ਰੀਮਤੀ ਜਸਪ੍ਰੀਤ ਕੌਰ | 20 | ਸ਼੍ਰੀ ਜਸਬੀਰ ਸਿੰਘ ਮਨਕੂ | 37 | ਸ਼੍ਰੀਮਤੀ ਹਰਵਿੰਦਰ ਕੌਰ |
| 4 | ਸ਼੍ਰੀ ਮਤੀ ਦਵਿੰਦਰ ਕੌਰ ਵਾਲਿਆ | 21 | ਸ਼੍ਰੀਮਤੀ ਜਤਿੰਦਰ ਕੌਰ | 38 | ਸ਼੍ਰੀ ਜਗਦੀਸ਼ ਸਿੰਘ |
| 5 | ਸ਼੍ਰੀ ਰਜਿੰਦਰ ਸਿੰਘ ਰਾਣਾ | 22 | ਸ਼੍ਰੀ ਚਰਨ ਸਿੰਘ ਮਾਸਟਰ | 39 | ਸ਼੍ਰੀਮਤੀ ਮੀਨਾ ਕੌਂਡਲ |
| 6 | ਸ਼੍ਰੀਮਤੀ ਰੁਪਿੰਦਰ ਕੌਰ ਰੀਨਾ | 23 | ਸ਼੍ਰੀ ਮਨਜੀਤ ਕੌਰ | 40 | ਸ਼੍ਰੀ ਰਵਿੰਦਰ ਸਿੰਘ |
| 7 | ਸ਼੍ਰੀ ਜਸਪ੍ਰੀਤ ਸਿੰਘ ਗਿੱਲ | 24 | ਸ਼੍ਰੀਮਤੀ ਪਰਵਿੰਦਰ ਕੌਰ | 41 | ਸ਼੍ਰੀਮਤੀ ਸੁਮਨ |
| 8 | ਸ਼੍ਰੀਮਤੀ ਬਲਜੀਤ ਕੌਰ | 25 | ਸ਼੍ਰੀਮਤੀ ਰਮਨਪ੍ਰੀਤ ਕੌਰ | 42 | ਸ਼੍ਰੀ ਨਰਾਇਣ ਸਿੰਘ ਸਿੱਧੂ |
| 9 | ਸ਼੍ਰੀਮਤੀ ਬਲਰਾਜ ਕੌਰ ਧਾਲੀਵਾਲ | 26 | ਸ਼੍ਰੀ ਵਨੀਤ ਮਲਿਕ | 43 | ਸ਼੍ਰੀਮਤੀ ਗੁਰਪ੍ਰੀਤ ਕੌਰ |
| 10 | ਸ਼੍ਰੀਮਤੀ ਅਨੁਰਾਧਾ ਆਨੰਦ ਅੰਨੂ | 27 | ਸ਼੍ਰੀਮਤੀ ਕੁਲਜਿੰਦਰ ਕੌਰ | 44 | ਸ਼੍ਰੀਮਤੀ ਗੁਰਮੀਤ ਕੌਰ |
| 11 | ਸ਼੍ਰੀ ਪਰਮਜੀਤ ਸਿੰਘ ਹੈਪੀ | 28 | ਸ਼੍ਰੀ ਹਰਜੀਤ ਸਿੰਘ ਬੈਦਵਾਨ | 45 | ਸ਼੍ਰੀ ਬਲਬੀਰ ਸਿੰਘ ਸਿੱਧੂ, ਹਲਕਾ ਵਿਧਾਇਕ |
| 12 | ਸ਼੍ਰੀਮਤੀ ਨਮਰਤਾ ਸਿੰਘ | 29 | ਸ਼੍ਰੀਮਤੀ ਹਰਜਿੰਦਰ ਕੌਰ ਬੈਦਵਾਨ | | |
| 13 | ਸ਼੍ਰੀ ਕਮਲਪ੍ਰੀਤ ਸਿੰਘ ਬਨੀ | 30 | ਸ਼੍ਰੀ ਸੁਖਦੇਵ ਸਿੰਘ | | |
| 14 | ਸ਼੍ਰੀਮਤੀ ਨਿਰਮਲ ਕੌਰ | 31 | ਸ਼੍ਰੀ ਪ੍ਰਮੋਦ ਕੁਮਾਰ | | |
| 15 | ਸ਼੍ਰੀ ਨਰਪਿੰਦਰ ਸਿੰਘ ਰੰਗੀ | 32 | ਸ਼੍ਰੀਮਤੀ ਗੁਰਪ੍ਰੀਤ ਕੌਰ | | |
| 16 | ਸ਼੍ਰੀਮਤੀ ਰਾਜਵੀਰ ਕੌਰ ਗਿੱਲ | 33 | ਸ਼੍ਰੀ ਸਰਬਜੀਤ ਸਿੰਘ | | |
| 17 | ਸ਼੍ਰੀਮਤੀ ਰਾਜ ਰਾਣੀ ਜੈਨ | 34 | ਸ਼੍ਰੀਮਤੀ ਕਰਮਜੀਤ ਕੌਰ | | |



Scanned by CamScanner

ਮੀਟਿੰਗ ਦੇ ਸ਼ੁਰੂ ਵਿੱਚ ਕਮਿਸ਼ਨਰ ਨਗਰ ਨਿਗਮ, ਐਸ.ਏ.ਐਸ ਨਗਰ ਜੀ ਵੱਲੋਂ ਸਮੂਹ ਮੈਂਬਰ ਸਾਹਿਬਾਨਾਂ ਨੂੰ ਨਗਰ ਨਿਗਮ ਦੀ ਪਹਿਲੀ ਸਧਾਰਨ ਮੀਟਿੰਗ ਵਿੱਚ ਜੀ ਆਇਆ ਨੂੰ ਆਖਿਆ। ਇਸ ਤੋਂ ਬਾਅਦ ਮੇਅਰ, ਨਗਰ ਨਿਗਮ ਜੀ ਵੱਲੋਂ ਕਿਹਾ ਗਿਆ ਕਿ ਸ਼ਹਿਰ ਦਾ ਵਿਕਾਸ ਬਿਨ੍ਹਾ ਕਿਸੇ ਭੇਦ-ਭਾਵ ਦੇ ਕੀਤਾ ਜਾਵੇਗਾ। ਇਸ ਤੋਂ ਬਾਅਦ ਮੀਟਿੰਗ ਦੀ ਕਾਰਵਾਈ ਸ਼ੁਰੂ ਕੀਤੀ ਗਈ, ਜਿਸ ਵਿੱਚ ਹੇਠ ਲਿਖੀਆਂ ਮੱਦਾ ਤੇ ਵਿਚਾਰ ਕਰਨ ਉਪਰੰਤ ਫੈਸਲੇ ਕੀਤੇ ਗਏ :-

| Sr. No | Resolution No. | Date of Meeting | Resolution Description | Orders of Competent Authority |
|---|---|---|---|---|
| 1. | 1 | 27.04.2021 | **ਵਿੱਤ ਅਤੇ ਠੇਕਾ ਕਮੇਟੀ ਦਾ ਗਠਨ ਕਰਨ ਸਬੰਧੀ ।**<br>ਰਿਪੋਰਟ ਲੇਖਾਕਾਰ ਗ੍ਰੇਡ-1, ਲੇਖਾ ਸ਼ਾਖਾ ਕਿ ਪੰਜਾਬ ਮਿਉਂਸਪਲ ਕਾਰਪੋਰੇਸ਼ਨ ਐਕਟ 1976 ਦੀ ਧਾਰਾ 42(4) ਤਹਿਤ ਨਗਰ ਨਿਗਮ ਵੱਲੋਂ ਜਾਂ ਇਸਦੇ ਬਿਹਾਫ ਤੇ ਕੋਈ ਵੀ ਕੰਟਰੈਕਟ ਕਰਨ ਲਈ ਵਿੱਤ ਅਤੇ ਠੇਕਾ ਕਮੇਟੀ ਗਠਨ ਕਰਨ ਦਾ ਉਪਬੰਧ ਹੈ। ਜਿਸ ਵਿੱਚ ਐਕਟ ਮੁਤਾਬਿਕ ਮਾਨਯੋਗ ਮੇਅਰ, ਸੀਨੀਅਰ ਡਿਪਟੀ ਮੇਅਰ, ਡਿਪਟੀ ਮੇਅਰ, ਕਮਿਸ਼ਨਰ, ਨਗਰ ਨਿਗਮ ਅਤੇ ਦੋ ਮਿਉਂਸਪਲ ਕੌਂਸਲਰ ਜਿਨ੍ਹਾਂ ਨੂੰ ਹਾਊਸ ਵੱਲੋਂ ਨਾਮਜਦ ਕੀਤਾ ਜਾਂਦਾ ਹੈ। ਇਸ ਕਮੇਟੀ ਵੱਲੋਂ ਨਗਰ ਨਿਗਮ ਦੀ ਤਰਫੋਂ ਕੋਈ ਵੀ ਕੰਟਰੈਕਟ ਕਰਨ ਲਈ ਨਿਗਮ ਦੇ ਅਧਿਕਾਰਾਂ ਦੀ ਵਰਤੋ ਕੀਤੀ ਜਾਣੀ ਹੈ। ਇਸ ਨਗਰ ਨਿਗਮ, ਐਸ.ਏ.ਐਸ ਨਗਰ ਲਈ ਉਕਤ ਕਮੇਟੀ ਦਾ ਗਠਨ ਕਰਨ ਲਈ ਅਤੇ ਇਸ ਨੂੰ ਹੋਰ ਅਧਿਕਾਰ ਦੇਣ ਹਿੱਤ ਤਜਵੀਜ ਪੇਸ਼ ਹੈ ।<br><br>ਮੇਅਰ,<br>ਨਗਰ ਨਿਗਮ,<br>ਐਸ.ਏ.ਐਸ. ਨਗਰ | ਸ਼੍ਰੀ ਰਜਿੰਦਰ ਸਿੰਘ ਰਾਣਾ, ਮਿਉਂਸਪਲ ਕੌਂਸਲਰ, ਵਾਰਡ ਨੰ. 4 ਵੱਲੋਂ ਤਜਵੀਜ ਕੀਤਾ ਗਿਆ ਕਿ ਐਫ.ਐਂਡ.ਸੀ.ਸੀ ਦੇ ਲਈ 2 ਮੈਂਬਰ ਨਾਮਜਦ ਕਰਨ ਦੇ ਅਧਿਕਾਰ ਹਾਊਸ ਵੱਲੋਂ ਮੇਅਰ ਨਗਰ ਨਿਗਮ ਜੀ ਨੂੰ ਦਿੱਤੇ ਜਾਣ ਅਤੇ 1 ਕਰੋੜ ਤੱਕ ਦੇ ਖਰਚਾ ਕਰਨ ਦੇ ਅਧਿਕਾਰ ਵੀ ਐਫ.ਐਂਡ.ਸੀ.ਸੀ ਨੂੰ ਦਿੱਤੇ ਜਾਣ । ਜਿਸ ਤੇ ਸ਼੍ਰੀ ਸੁਖਦੇਵ ਸਿੰਘ ਪਟਵਾਰੀ, ਮਿਉਂਸਪਲ ਕੌਂਸਲਰ, ਵਾਰਡ ਨੰ. 34 ਵੱਲੋਂ ਕਿਹਾ ਗਿਆ ਕਿ ਐਫ.ਐਂਡ.ਸੀ.ਸੀ ਲਈ 2 ਮੈਂਬਰ ਜੋ ਨਾਮਜਦ ਕੀਤੇ ਜਾਣੇ ਹਨ ਉਹ ਵਿਰੋਧੀ ਧਿਰ ਵਿੱਚੋਂ ਕੀਤੇ ਜਾਣ ਅਤੇ ਐਫ.ਐਂਡ.ਸੀ.ਸੀ ਨੂੰ 1 ਕਰੋੜ ਤੱਕ ਦੇ ਖਰਚੇ ਕਰਨ ਦੀ ਹੱਦ ਦੀ ਬਜਾਏ |



Scanned by CamScanner

| | | | | |
|---|---|---|---|---|
| | | | ਮੇਅਰ,<br>ਨਗਰ ਨਿਗਮ,<br>ਐਸ.ਏ.ਐਸ. ਨਗਰ | 10 ਲੱਖ ਰੁਪਏ ਰੱਖੀ ਜਾਵੇ। ਜਿਸ ਤੇ ਹਾਊਸ ਵੱਲੋਂ ਬਹੁ-ਸਮੰਤੀ ਨਾਲ ਐਫ.ਐਂਡ.ਸੀ.ਸੀ ਲਈ 2 ਮੈਂਬਰ ਨਾਮਜਦ ਕਰਨ ਦੇ ਪੂਰੇ ਅਧਿਕਾਰ ਮੇਅਰ, ਨਗਰ ਨਿਗਮ ਨੂੰ ਦਿੱਤੇ ਗਏ ਅਤੇ ਐਫ.ਐਂਡ.ਸੀ.ਸੀ ਨੂੰ 1 ਕਰੋੜ ਤੱਕ ਦੇ ਕੰਮਾ ਲਈ ਖਰਚਾ ਕਰਨ ਦੇ ਅਧਿਕਾਰ ਵੀ ਦਿੱਤੇ ਗਏ । |
| 2. | 2 | 27.04.2021 | <u>**ਹਾਊਸ ਵਿੱਚ ਮੌਕੇ ਦੇ ਮੈਂਬਰ ਸਾਹਿਬਾਨ ਵੱਲੋਂ ਹੇਠ ਲਿਖੇ ਮਤੇ ਹਾਊਸ ਵਿੱਚ ਪੇਸ਼ ਕੀਤੇ ਗਏ :-**</u><br>ਸ਼੍ਰੀਮਤੀ ਬਲਜੀਤ ਕੌਰ, ਮਿਉਂਸਪਲ ਕੌਂਸਲਰ, ਵਾਰਡ ਨੰ. 7 ਵੱਲੋਂ ਕਿਹਾ ਕਿ ਸਮੂਹ ਕੌਂਸਲਰਜ਼, ਨਗਰ ਨਿਗਮ, ਐਸ.ਏ.ਐਸ ਨਗਰ ਨੂੰ ਆਪਣੇ-ਆਪਣੇ ਵਾਰਡਾਂ ਦੇ ਵਿਕਾਸ ਕਾਰਜ ਕਰਵਾਉਣ ਲਈ ਸਲਾਨਾ 10 ਲੱਖ ਰੁਪਏ ਦੇ ਖਰਚੇ ਕਰਨ ਦੀ ਤਜਵੀਜ ਪੇਸ਼ ਕਰਨ ਦੀ ਪ੍ਰਵਾਨਗੀ ਦਿੱਤੀ ਜਾਵੇ । | ਬਹੁ-ਸੰਮਤੀ ਨਾਲ ਪ੍ਰਵਾਨ ਹੈ।<br>ਮੇਅਰ,<br>ਨਗਰ ਨਿਗਮ,<br>ਐਸ.ਏ.ਐਸ. ਨਗਰ |
| 3. | 3 | 27.04.2021 | ਸ਼੍ਰੀ ਕੁਲਜੀਤ ਸਿੰਘ ਬੇਦੀ, ਡਿਪਟੀ ਮੇਅਰ ਵੱਲੋਂ ਕਿਹਾ ਗਿਆ ਕਿ ਨਗਰ ਨਿਗਮ ਨੂੰ ਪਬਲਿਕ ਹਿੱਤ ਵਿੱਚ ਕਈ ਜਰੂਰੀ ਕੰਮ ਕਰਨੇ ਹੁੰਦੇ ਹਨ, ਜੋ ਕਿ ਜਲਦ ਹੀ ਕਰਵਾਉਣੇ ਹੁੰਦੇ ਹਨ। ਅਜਿਹੇ ਕਈ ਕੰਮਾ ਨੂੰ ਕਰਵਾਉਣ ਲਈ ਹਾਊਸ ਅਤੇ ਐਫ.ਐਂਡ.ਸੀ.ਸੀ ਤੋਂ ਪਾਸ ਕਰਵਾਉਣ ਉਪਰੰਤ ਸਰਕਾਰ ਤੋਂ ਪਾਸ ਕਰਵਾਉਣ ਵਿੱਚ ਕਾਫੀ ਸਮਾਂ ਲੱਗ ਜਾਂਦਾ ਹੈ। ਇਸ ਲਈ ਪਬਲਿਕ ਦੇ ਹਿੱਤਾ ਨੂੰ ਮੁੱਖ ਰੱਖਦੇ ਹੋਏ ਨਗਰ ਨਿਗਮ ਦੇ ਕਮਿਸ਼ਨਰ ਨੂੰ 2 ਲੱਖ ਤੱਕ ਖਰਚਾ ਕਰਨ ਦੀ ਪ੍ਰਵਾਨਗੀ ਦਿੱਤੀ ਜਾਵੇ । | ਬਹੁ-ਸੰਮਤੀ ਨਾਲ ਪ੍ਰਵਾਨ ਹੈ।<br>ਮੇਅਰ,<br>ਨਗਰ ਨਿਗਮ,<br>ਐਸ.ਏ.ਐਸ. ਨਗਰ |



Scanned by CamScanner